Public
Health
Division

# ਵੇਰੀਸੈੱਲਾ (ਚਿਕਨ ਪਾਕਸ ਜਾਂ ਕਾਕੜਾ, Chicken Pox or Varicella ) ਵੈਕਸੀਨ

ਤੱਥਾਂ ਦੀ ਇਹ ਸ਼ੀਟ ਸਿਰਫ ਬੁਨਿਆਦੀ ਜਾਣਕਾਰੀ ਮੁਹੱਈਆ ਕਰਦੀ ਹੈ। ਇਸ ਨੂੰ ਕਦੀ ਵੀ ਡਾਕਟਰੀ ਮਸ਼ਵਰੇ, ਤਸ਼ਖੀਸ ਜਾਂ ਇਲਾਜ ਦੀ ਜਗ੍ਹਾ ਨਹੀਂ ਵਰਤਣਾ ਚਾਹੀਦਾ। ਤੁਹਾਡੇ ਮਨ ਵਿੱਚ ਜੇ ਕਰ ਸਿਹਤ ਸੰਬੰਧੀ ਕੋਈ ਵੀ ਚਿੰਤਾਵਾਂ ਹੋਣ, ਅਤੇ ਆਪਣੀ ਖੁਰਾਕ, ਜੀਵਨ-ਸ਼ੈਲੀ ਜਾਂ ਇਲਾਜ ਵਿੱਚ ਕੋਈ ਵੀ ਤਬਦੀਲੀ ਕਰਨ ਤੋਂ ਪਹਿਲਾਂ ਆਪਣੇ ਸਿਹਤ ਸੇਵਾ ਮਾਹਿਰ ਨੂੰ ਮਿਲ ਲਵੋ।

### ਬੱਚਿਆਂ ਨੂੰ ਚਿਕਨ ਪਾਕਸ ਜਾਂ ਕਾਕੜਾ (chicken pox) ਤੋਂ ਕਿਵੇਂ ਬਚਾਇਆ ਜਾਂਦਾ ਹੈ?

ਛੂਤ ਦੀਆਂ ਕੁੱਝ ਅਤਿ ਗੰਭੀਰ ਬਿਮਾਰੀਆਂ ਦੇ ਖਿਲਾਫ ਵੈਕਸੀਨਾਂ ਜਾਂ ਟੀਕੇ ਸੁਰੱਖਿਆ ਦਾ ਸਭ ਤੋਂ ਵਧੀਆ ਉਪਾਅ ਹਨ। ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇੰਮਯੂਨਾਈਜ਼ੇਸ਼ਨ (ਐੱਨ.ਏ.ਸੀ.ਆਈ. — National Advisory Committee on Immunization, NACI) ਨਿੱਤਾਪ੍ਰਤੀ ਦੇ ਟੀਕਾਕਰਣ ਦੀ ਜ਼ੋਰਦਾਰ ਸਿਫਾਰਿਸ਼ ਕਰਦੀ ਹੈ।

ਵੇਰੀਸੈੱਲਾ ਦਾ ਟੀਕਾ ਬੱਚਿਆਂ ਨੂੰ ਉਨ੍ਹਾਂ ਦੇ ਪਹਿਲੇ ਜਨਮ-ਦਿਨ ਤੋਂ ਬਾਅਦ ਲਗਾਇਆ ਜਾਂਦਾ ਹੈ। ਇਹ ਉਨ੍ਹਾਂ ਨੂੰ ਬਚਪਨ ਦੀ ਇਸ ਆਮ ਬਿਮਾਰੀ ਅਤੇ ਇਸ ਦੀਆਂ ਗੰਭੀਰਤਾਵਾਂ ਦੀਆਂ ਸੰਭਾਵਨਾਵਾਂ, ਜਿਵੇਂ ਚਮੜੀ ਤੇ ਜੀਵਾਣੂਆਂ ਦੀ ਛੂਤ, ਤੋਂ ਬਚਾਏਗਾ।

### ਚਿਕਨ ਪਾਕਸ ਜਾਂ ਕਾਕੜਾ ਕੀ ਹੁੰਦਾ ਹੈ?

ਕਾਕੜਾ ਵੇਰੀਸੈੱਲਾ-ਜ਼ੋਸਟਰ ਜੀਵਾਣੂ (varicella-zoster virus) ਵੱਲੋਂ ਪੈਦਾ ਕੀਤਾ ਜਾਂਦਾ ਹੈ।

ਕਾਕੜਾ ਦੇ ਲਗਭਗ 90 ਪ੍ਰਤੀਸ਼ਤ ਮਾਮਲੇ ਬੱਚੇ ਦੇ 12 ਸਾਲਾਂ ਦੇ ਹੋਣ ਤੋਂ ਪਹਿਲਾਂ ਵਾਪਰਦੇ ਹਨ।

ਕਾਕੜਾ ਤੋਂ ਪ੍ਰਭਾਵਿਤ ਬੱਚਿਆਂ ਨੂੰ ਫਲੂ ਵਰਗੇ ਲੱਛਣ ਮਹਿਸੂਸ ਹੁੰਦੇ ਹਨ, ਜਿਵੇਂ ਥਕਾਵਟ, ਹਲਕਾ ਸਿਰ ਦਰਦ, 39º ਸੈਂਟੀਗਰੇਡ (102º ਫਾਰਨਹੀਟ) ਤਕ ਦਾ ਬੁਖਾਰ, ਕਾਂਬਾ ਜਾਂ ਖੁਜਲੀ ਵਾਲੇ ਲਾਲ ਧੱਫੜ ਦੇ ਹੋਣ ਤੋਂ ਇੱਕ ਜਾਂ ਦੋ ਦਿਨ ਬਾਅਦ ਮਾਸ-ਪੇਸ਼ੀਆਂ ਜਾਂ ਜੋੜਾਂ ਵਿੱਚ ਦਰਦ।

ਧੱਫੜ ਸਰੀਰ ਵਿੱਚ ਕਿਤੇ ਵੀ ਉੱਭਰੇ ਹੋਏ ਲਾਲ ਛਾਲਿਆਂ ਵਾਂਗ ਪੈਦਾ ਹੋ ਜਾਂਦੇ ਹਨ, ਜੋ ਬੇਹੱਦ ਖੁਜਲੀ ਪੈਦਾ ਕਰਦੇ ਹਨ। ਕਈ ਬੱਚਿਆਂ ਨੂੰ ਤਾਂ ਸਿਰਫ ਕੁੱਝ ਕੁ ਧੱਫੜ ਹੀ ਹੁੰਦੇ ਹਨ ਜਦ ਕਿ ਕਈਆਂ ਨੂੰ 500 ਤਕ ਵੀ ਹੋ ਸਕਦੇ ਹਨ।

ਧੱਫੜ ਹੋਣ ਤੋਂ ਦੋ ਦਿਨ ਪਹਿਲਾਂ ਤਕ ਬੱਚੇ ਨੂੰ ਸਖਤ ਬਿਮਾਰੀ (ਛੂਤ ਫੈਲਾਉਣ ਦੀ ਕਾਬਲੀਅਤ ਵਾਲੀ) ਹੁੰਦੀ ਹੈ। ਚਾਰ ਤੋਂ ਪੰਜ ਦਿਨ੍ਹਾਂ ਵਿੱਚ ਇਹ ਛਾਲੇ ਸੁੱਕ ਕੇ ਖਰੀਂਢ ਬਣ ਜਾਂਦੇ ਹਨ।

### ਤੁਹਾਨੂੰ ਕਾਕੜਾ ਕਿਵੇਂ ਹੋ ਸਕਦਾ ਹੈ?

ਕਾਕੜਾ ਦੀ ਛੂਤ ਸੰਪਰਕ ਰਾਹੀਂ ਬਹੁਤ ਜ਼ਿਆਦਾ ਫੈਲਦੀ ਹੈ। ਇਹ ਇੱਕ ਵਿਅਕਤੀ ਤੋਂ ਦੂਜੇ ਤਕ ਬਹੁਤ ਜਲਦੀ ਫੈਲਦੀ ਹੈ। ਕਾਕੜਾ ਦੇ ਫੈਲਣ ਦਾ ਸਭ ਤੋਂ ਵਧੇਰੇ ਮੌਕਾ ਹਵਾ ਰਾਹੀਂ ਹੁੰਦਾ ਹੈ ਜੇ ਕਰ ਕਾਕੜਾ ਨਾਲ ਪ੍ਰਭਾਵਿਤ ਕੋਈ ਵਿਅਕਤੀ ਖੰਘਦਾ ਜਾਂ ਨਿੱਛ ਮਾਰਦਾ ਹੈ।

ਕਾਕੜੇ ਦੀ ਮਰੀਜ਼ ਕੋਈ ਗਰਭਵਤੀ ਔਰਤ ਆਪਣੇ ਬੱਚੇ ਨੂੰ ਜਨਮ ਤੋਂ ਪਹਿਲਾਂ ਇਹ ਬਿਮਾਰੀ ਦੀ ਲਾਗ ਲਾ ਸਕਦੀ ਹੈ। ਕਾਕੜੇ ਦੀਆਂ ਮਰੀਜ਼ ਔਰਤਾਂ ਆਪਣੇ ਨਵਜਾਤ ਬੱਚਿਆਂ ਨੂੰ ਜਨਮ ਤੋਂ ਬਾਅਦ ਵੀ ਇਸ ਦੀ ਲਾਗ ਲਾ ਸਕਦੀਆਂ ਹਨ।

### ਵੇਰੀਸੈੱਲਾ ਦੀ ਵੈਕਸੀਨ ਮਹੱਤਵਪੂਰਣ ਕਿਉਂ ਹੈ?

ਲਗਭਗ 5 ਤੋਂ 10 ਪ੍ਰਤੀਸ਼ਤ ਸਿਹਤਮੰਦ ਬੱਚਿਆਂ ਵਿੱਚ ਕਾਕੜੇ ਦੀ ਛੂਤ ਹੇਠ ਲਿਖੀਆਂ ਹੋਰ ਗੰਭੀਰ ਮੁਸ਼ਕਲਾਂ ਵਿੱਚ ਬਦਲ ਸਕਦੀ ਹੈ:

- ਚਮੜੀ ਤੇ ਜੀਵਾਣੂਆਂ ਵੱਲੋਂ ਪੈਦਾ ਕੀਤੀ ਛੂਤ ਅਤੇ/ ਜਾਂ ਨੈਕਰੋਟਾਈਜ਼ਿੰਗ ਫੇਸਾਈਟਿਸ ("ਮਾਸ ਖਾ ਜਾਣ" ਵਾਲੀ ਬਿਮਾਰੀ ਜਾਂ "ਫਲੈਸ਼-ਈਟਿੰਗ ਡਿਜ਼ੀਜ਼ " — necrotizing fasciitis)
- ਨਿਊਮੋਨੀਆ (pneumonia) (ਫੇਫੜਿਆਂ ਵਿੱਚ ਛੂਤ ਦੀ ਬਿਮਾਰੀ)
- ਐਨਸੀਫੈਲਾਈਟਿਸ (encephalitis) (ਦਿਮਾਗ ਵਿੱਚ ਛੂਤ ਦੀ ਬਿਮਾਰੀ)
- ਹੋਰਨਾ ਥਾਵਾਂ ਤੇ ਛੂਤ ਦੀ ਬਿਮਾਰੀ (ਜਿਵੇਂ ਖੂਨ ਵਿੱਚ)
- ਜੇ ਕਰ ਬੱਚੇ ਦੇ ਜਨਮ ਤੋਂ ਪਹਿਲਾਂ ਬੱਚੇ ਨੂੰ ਮਾਂ ਤੋਂ ਇਸ ਬਿਮਾਰੀ ਦੀ ਲਾਗ ਲੱਗ ਜਾਂਦੀ ਹੈ ਤਾਂ ਜਨਮ ਵੇਲੇ ਦੇ ਵਿਕਾਰ ਪੈਦਾ ਹੋ ਸਕਦੇ ਹਨ।

ਨਵਜਾਤ ਬਾਲਾਂ ਜਾਂ ਜਿਸ ਵੀ ਕਿਸੇ ਦੀ ਇੰਮਯੂਨ (ਸਰੀਰਕ ਸੁਰੱਖਿਆ) ਪ੍ਰਣਾਲੀ ਕਮਜ਼ੋਰ ਹੈ, ਲਈ ਕਾਕੜਾ ਬਹੁਤ ਗੰਭੀਰ, ਜਾਂ ਮੌਤ ਦਾ ਖਤਰਾ ਵੀ ਹੋ ਸਕਦਾ ਹੈ।

ਇਹ ਵੈਕਸੀਨ 12 ਮਹੀਨੇ ਜਾਂ ਇਸ ਤੋਂ ਵਧੇਰੇ ਉਮਰ ਦੇ ਬੱਚਿਆਂ ਲਈ ਤਜਵੀਜ਼ ਕੀਤੀ ਜਾਂਦੀ ਹੈ ਕਿਉਂਕਿ ਉਦੋਂ ਤਕ ਬੱਚਿਆਂ ਵਿੱਚ ਮਾਂ ਦੇ ਸਰੀਰ ਤੋਂ ਆਏ ਰੋਗਨਾਸ਼ਕ ਅੰਸ਼ (ਜੋ ਗਰਭਕਾਲ ਦੇ ਅਖੀਰਲੇ ਸਮੇਂ ਮਾਂ ਤੋਂ ਬੱਚੇ ਦੇ ਸਰੀਰ ਵਿੱਚ ਤਬਦੀਲ ਹੋ ਜਾਂਦੇ ਹਨ) ਮੌਜੂਦ ਹੁੰਦੇ ਹਨ ਅਤੇ ਜੋ ਵੈਕਸੀਨ ਦੇ ਕੰਮ ਵਿੱਚ ਰੁਕਾਵਟ ਪਾਉਂਦੇ ਹਨ। ਪਹਿਲੇ ਜਨਮ ਦਿਨ ਤਕ ਬਹੁਤੇ ਬੱਚਿਆਂ ਦੇ ਸਰੀਰ ਵਿੱਚੋਂ ਇਹ ਅੰਸ਼ ਗਾਇਬ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਸੁਰੱਖਿਅਤ ਤਰੀਕੇ ਨਾਲ ਵੈਕਸੀਨ ਦਿੱਤੀ ਜਾ ਸਕਦੀ ਹੈ।

## ਵੈਕਸੀਨ ਕਿੰਨ੍ਹੀ ਕੁ ਅਸਰਦਾਰ ਹੈ?

ਇਹ ਅੰਦਾਜ਼ਾ ਹੈ ਕਿ ਕਿਸੇ ਵੀ ਗੰਭੀਰਤਾ ਵਾਲੇ ਕਾਕੜੇ ਲਈ ਵੇਰੀਸੈੱਲਾ ਵੈਕਸੀਨ 70 ਤੋਂ 90 ਪ੍ਰਤੀਸ਼ਤ ਸੁਰੱਖਿਆ ਪ੍ਰਦਾਨ ਕਰੇਗੀ ਅਤੇ ਟੀਕਾ ਲਗਾਏ ਜਾਣ ਦੇ ਘੱਟ ਤੋਂ ਘੱਟ ਸੱਤ ਤੋਂ 10 ਸਾਲ ਤਕ ਗੰਭੀਰ ਵੇਰੀਸੈੱਲਾ ਤੋਂ 95 ਪ੍ਰਤੀਸ਼ਤ ਤੋਂ ਵਧੇਰੇ ਸੁਰੱਖਿਆ ਦੇਵੇਗੀ।

## ਜਨਤਕ ਪੈਸੇ ਨਾਲ ਮੁਹੱਈਆ ਕੀਤੀ ਗਈ ਵੈਕਸੀਨ ਦਾ ਹੱਕਦਾਰ ਕੌਣ ਹੈ?

ਪਹਿਲੀ ਸਤੰਬਰ 2003 ਨੂੰ ਜਾਂ ਇਸ ਤੋਂ ਬਾਅਦ ਜਨਮੇ ਬੱਚੇ ਸਰਕਾਰੀ ਪੈਸੇ ਨਾਲ ਮੁਹੱਈਆ ਕੀਤੀ ਜਾਣ ਵਾਲੀ ਇਸ ਵੈਕਸੀਨ ਦੀ ਇੱਕ ਖ਼ੁਰਾਕ ਦੇ ਹੱਕਦਾਰ ਹੋਣਗੇ।

ਜਨਵਰੀ 2005 ਵਿੱਚ, ਸਰਕਾਰੀ ਪੈਸੇ ਨਾਲ ਮੁਹੱਈਆ ਕੀਤੀ ਜਾਣ ਵਾਲੀ ਇਹ ਦਵਾਈ ਪੰਜ-ਸਾਲ ਦੀ ਉਮਰ ਦੇ ਸੰਵੇਦਨਸ਼ੀਲ ਬੱਚਿਆਂ (ਜਿਨ੍ਹਾਂ ਨੂੰ ਹਾਲੇ ਕਾਕੜਾ ਨਹੀਂ ਹੋਇਆ) ਲਈ ਉਪਲਬਧ ਹੋਵੇਗੀ। ਇਸ ਤਰ੍ਹਾਂ ਦੀ ਮੈਡੀਕਲ ਹਾਲਤ ਵਾਲੇ ਲੋਕੀਂ ਜਿਨ੍ਹਾਂ ਨੂੰ ਕਾਕੜੇ ਕਾਰਣ ਗੰਭੀਰਤਾਵਾਂ ਹੋਣ ਦਾ ਵਧੇਰੇ ਖ਼ਤਰਾ ਹੋਵੇ, ਵੀ ਹੱਕਦਾਰ ਹੋਣਗੇ:

- ਬੱਚੇ ਅਤੇ ਗਭਰੇਟ ਜਿਨ੍ਹਾਂ ਨੂੰ ਲੰਮੇ ਸਮੇਂ ਲਈ ਸੈਲੀਸਾਈਲਿਕ ਐਸਿਡ ਥੈਰਪੀ ਦਿੱਤੀ ਗਈ ਹੋਵੇ
- ਸਿਸਟਿਕ ਫਾਈਬ੍ਰੋਸਿਸ ਦੇ ਮਰੀਜ਼ ਲੋਕ
- ਇਮਯੂਨੋਕੰਪਰੋਮਾਈਜ਼ਡ ਵਿਅਕਤੀ (ਜਿਨ੍ਹਾਂ ਨੂੰ ਬਿਮਾਰੀ ਹੋਣ ਦਾ ਵਧੇਰੇ ਖ਼ਤਰਾ ਹੋਵੇ) - ਇਨ੍ਹਾਂ ਕੇਸਾਂ ਦਾ ਫ਼ੈਸਲਾ ਵਿਅਕਤੀਗਤ ਆਧਾਰ ਤੇ ਕੀਤਾ ਜਾਣਾ ਚਾਹੀਦਾ ਹੈ। ਵੈਕਸੀਨ (ਇੱਕ ਜੀਵਤ, ਪਤਲੀ ਕੀਤੀ ਗਈ ਵੈਕਸੀਨ) ਕੁੱਝ ਇਮਯੂਨੋਕੰਪਰੋਮਾਈਜ਼ਡ ਵਿਅਕਤੀਆਂ ਲਈ ਤਜਵੀਜ਼ ਕੀਤੀ ਜਾਂਦੀ ਹੈ ਪ੍ਰੰਤੂ ਹੋਰਨਾਂ ਲਈ ਇਸ ਦੀ ਮਨਾਹੀ ਹੈ। ਕਿਰਪਾ ਕਰ ਕੇ ਇਸ ਨੂੰ ਆਪਣੇ ਡਾਕਟਰ ਨਾਲ ਵਿਚਾਰ ਲਵੋ।

## ਕੀ ਇਸ ਵੈਕਸੀਨ ਦੇ ਕੋਈ ਮਾੜੇ ਪ੍ਰਭਾਵ ਹਨ?

ਬਹੁਤੇ ਗੌਣ ਜਾਂ ਮਾੜੇ ਪ੍ਰਭਾਵ ਹਲਕੇ ਹੁੰਦੇ ਹਨ ਅਤੇ ਇਨ੍ਹਾਂ ਵਿੱਚ ਕੁੱਝ ਦਰਦ, ਲਾਲੀ, ਖਾਰਸ਼ ਅਤੇ/ਜਾਂ ਟੀਕਾ ਲੱਗਣ ਵਾਲੀ ਥਾਂ ਤੇ ਇੱਕ ਧੱਫੜ ਹੋਣਾ ਸ਼ਾਮਿਲ ਹੈ। ਹਲਕਾ ਬੁਖ਼ਾਰ (ਤਕਰੀਬਨ 38º ਸੈਂਟੀਗਰੇਡ) ਹੋ ਸਕਦਾ ਹੈ।

ਟੀਕਾ ਲੱਗਣ ਦੇ ਇੱਕ ਜਾਂ ਦੋ ਹਫਤੇ ਬਾਅਦ ਕਈ ਬੱਚਿਆਂ ਨੂੰ ਹਲਕਾ ਕਾਕੜਾ ਹੋ ਸਕਦਾ ਹੈ ਪਰ ਉਨ੍ਹਾਂ ਤੋਂ ਛੂਤ ਫੈਲਣ ਦੀ ਸੰਭਾਵਨਾ ਨਹੀਂ ਹੋਵੇਗੀ।

ਗੰਭੀਰ ਤੌਰ ਤੇ ਮਾੜੇ ਅਸਰ ਬੜੇ ਘੱਟ ਹੁੰਦੇ ਹਨ।

ਕਿਰਪਾ ਕਰ ਕੇ ਕੋਈ ਵੀ ਮਾੜੇ ਅਸਰ ਜਾਂ ਵੈਕਸੀਨ ਤੋਂ ਗੰਭੀਰ ਸੰਵੇਦਨਸ਼ੀਲਤਾ (ਰਿਐਕਸ਼ਨ) ਤੁਰੰਤ ਆਪਣੇ ਡਾਕਟਰ, ਨਰਸ ਪ੍ਰੈਕਟੀਸ਼ਨਰ ਜਾਂ ਸਥਾਨਕ ਸਿਹਤ ਇਕਾਈ ਨੂੰ ਦੱਸੋ।

## ਇਹ ਵੈਕਸੀਨ ਕਿਸ ਨੂੰ ਨਹੀਂ ਲੈਣੀ ਚਾਹੀਦੀ?

ਬੱਚਿਆਂ ਨੂੰ ਇਹ ਵੈਕਸੀਨ ਨਹੀਂ ਲੈਣੀ ਚਾਹੀਦੀ ਜੇ ਕਰ:

- ਵੈਕਸੀਨ ਜਾਂ ਵੈਕਸੀਨ ਦੇ ਕਿਸੇ ਵੀ ਅੰਸ਼ ਤੋਂ ਅਲਰਜੀ ਹੈ
- ਪਹਿਲਾਂ ਹੀ ਚਿਕਨ ਪਾਕਸ ਹੋ ਚੁੱਕੀ ਹੈ
- ਵੈਕਸੀਨ ਦੀ ਕਿਸੇ ਪਹਿਲੀ ਖ਼ੁਰਾਕ ਤੋਂ ਅਤਿ-ਸੰਵੇਦਨਸ਼ੀਲ ਪ੍ਰਤੀਕਰਮ ਹੋ ਚੁੱਕਿਆ ਹੈ।

ਕਮਜ਼ੋਰ ਇੰਮਯੂਨ ਸਿਸਟਮ (ਸਰੀਰ ਦੀ ਸੁਰੱਖਿਆ ਪ੍ਰਣਾਲੀ) ਵਾਲੇ ਬੱਚਿਆਂ ਅਤੇ ਉਨ੍ਹਾਂ ਵਿਅਕਤੀ ਨੂੰ ਜੋ ਆਪਣੀ ਇੰਮਯੂਨ ਪ੍ਰਣਾਲੀ ਨੂੰ ਦਬਾਉਣ ਲਈ ਕੋਈ ਦਵਾਈਆਂ ਲੈ ਰਹੇ ਹਨ, ਵੱਲ ਵਿਸ਼ੇਸ਼ ਧਿਆਨ ਦਿੱਤੇ ਜਾਣ ਦੀ ਲੋੜ ਹੈ।

ਗਰਭਵਤੀ ਔਰਤਾਂ ਨੂੰ ਇਹ ਵੈਕਸੀਨ ਨਹੀਂ ਲੈਣੀ ਚਾਹੀਦੀ।

**ਤੁਹਾਨੂੰ ਕਿਸੇ ਵੀ ਵੈਕਸੀਨ ਦੇ ਫਾਇਦੇ ਅਤੇ ਖ਼ਤਰੇ ਹਮੇਸ਼ਾ ਆਪਣੇ ਡਾਕਟਰ/ਨਰਸ ਪ੍ਰੈਕਟੀਸ਼ਨਰ ਜਾਂ ਸਥਾਨਕ ਸਿਹਤ ਸੇਵਾ ਇਕਾਈ ਨਾਲ ਵਿਚਾਰ ਲੈਣੇ ਚਾਹੀਦੇ ਹਨ।**

## ਮੈਨੂੰ ਆਪਣੇ ਡਾਕਟਰ/ ਨਰਸ ਪ੍ਰੈਕਟੀਸ਼ਨਰ ਨਾਲ ਕਦੋਂ ਸੰਪਰਕ ਕਰਨਾ ਚਾਹੀਦਾ ਹੈ?

ਤੁਹਾਨੂੰ ਆਪਣੇ ਡਾਕਟਰ/ ਨਰਸ ਪ੍ਰੈਕਟੀਸ਼ਨਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਾਂ ਨੇੜੇ ਦੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਚਲੇ ਜਾਣਾ ਚਾਹੀਦਾ ਹੈ ਜੇ ਕਰ ਤੁਹਾਡੇ ਬੱਚੇ ਨੂੰ ਟੀਕਾ ਲੱਗਣ ਦੇ ਤਿੰਨ ਦਿਨ ਦੇ ਅੰਦਰ-ਅੰਦਰ ਹੇਠ ਲਿਖੀਆਂ ਵਿੱਚੋਂ ਕੋਈ ਵੀ ਅਲਾਮਤਾਂ ਹੋਣ:

- ਛਪਾਕੀ
- ਮੂੰਹ ਅਤੇ ਗਲੇ ਵਿੱਚ ਸੋਜਿਸ਼
- ਸਾਹ ਲੈਣ ਵਿੱਚ ਮੁਸ਼ਕਲ, ਗਲਾ ਬੈਠ ਜਾਣਾ, ਜਾਂ ਸਾਹ ਲੈਣ ਵੇਲੇ ਸੂਕਣਾਂ
- ਜ਼ਿਆਦਾ ਬੁਖ਼ਾਰ (40º ਸੀ ਜਾਂ 104º ਐੱਫ ਤੋਂ ਵਧੇਰੇ) ਹੋਣਾ
- ਕੜਵੱਲ ਜਾਂ ਦੌਰੇ ਪੈਣੇ
- ਵੈਕਸੀਨ ਦੇ ਹੋਰ ਗੰਭੀਰ ਮਾੜੇ ਅਸਰ

## ਜੇ ਕਰ ਮੈਂ ਕੋਈ ਸਵਾਲ ਪੁੱਛਣੇ ਹੋਣ ਤਾਂ ਕਿਸ ਨਾਲ ਗੱਲ ਕਰਾਂ?

ਵਧੇਰੇ ਜਾਣਕਾਰੀ ਲਈ , ਕਿਰਪਾ ਕਰ ਕੇ ਆਪਣੇ ਡਾਕਟਰ/ ਨਰਸ ਪ੍ਰੈਕਟੀਸ਼ਨਰ ਜਾਂ ਸਥਾਨਕ ਜਨਤਕ ਸਿਹਤ ਇਕਾਈ ਨਾਲ ਸੰਪਰਕ ਕਰੋ।

## ਮੈਂ ਆਪਣੇ ਬੱਚੇ ਦੇ ਟੀਕਾਕਰਨ ਦਾ ਲੇਖਾ ਕਿਵੇਂ ਰੱਖਾਂ?

ਤੁਹਾਡੇ ਬੱਚੇ ਨੂੰ ਟੀਕਾ ਲੱਗਣ ਤੋਂ ਬਾਅਦ ਇਹ ਯਕੀਨੀ ਬਣਾਉ ਕਿ ਉਸ ਦੇ ਟੀਕਾਕਰਨ ਦੇ ਨਿੱਜੀ ਰਿਕਾਰਡ (ਜਿਸ ਨੂੰ ਕਦੀ-ਕਦੀ ਯੈਲੋ ਕਾਰਡ ਵੀ ਕਿਹਾ ਜਾਂਦਾ ਹੈ), ਵਿੱਚ ਇੰਦਰਾਜ ਕਰ ਦਿੱਤਾ ਜਾਂਦਾ ਹੈ। ਇਸ ਨੂੰ

ਸੰਭਾਲ ਕੇ ਰੱਖੋ! ਜਦੋਂ ਤੁਹਾਡਾ ਬੱਚਾ ਸਕੂਲ ਜਾਂ ਡੇ-ਕੇਅਰ ਵਿੱਚ ਨਾਮ ਦਰਜ ਕਰਵਾਉਂਦਾ ਹੈ, ਤੁਹਾਨੂੰ ਟੀਕਾਕਰਣ ਦਾ ਇਹ ਰਿਕਾਰਡ ਵਿਖਾਉਣ ਲਈ ਆਖਿਆ ਜਾ ਸਕਦਾ ਹੈ।

**ਵਧੇਰੇ ਜਾਣਕਾਰੀ ਲਈ**

ਸਿਹਤ ਸੇਵਾਵਾਂ ਅਤੇ ਵਸੀਲਿਆਂ ਬਾਰੇ ਵਧੇਰੇ ਜਾਣਕਾਰੀ ਲਈ:
www.health.gov.on.ca

ਖਪਤਕਾਰ-ਪੱਖੀ ਸਿਹਤ ਨੁਕਤਿਆਂ ਅਤੇ ਜਾਣਕਾਰੀ ਲਈ:
www.HealthyOntario.com

ਜਾਣਕਾਰੀ ਲਈ ਟੈਲੀਫੋਨ ਨੰਬਰ (ਇਨਫੋਲਾਈਨ):
1-877-234-4343 ਓਨਟੇਰੀਓ ਵਿੱਚ ਟੌਲ-ਫ੍ਰੀ
ਟੀ.ਟੀ.ਵਾਈ.: 1-800-387-5559

ਟੈਲੀਹੈਲਥ ਓਨਟੇਰੀਓ: 1-866-797-0000
ਟੀ.ਟੀ.ਵਾਈ.: 1-866-797-0007

Version française disponible en communiquant
avec le 1 877 234-4343 ATS : 1 800 387-5559
ਵੈੱਬ www.SanteOntario.com